'ਸ਼ੈਪੀ ੨੧੫'

## ਅਕਾਦਮਿਕ ਸਾਲ 2019–20 ਲਈ ਪੰਜਵੀਂ ਸ਼੍ਰੇਣੀ ਵਿੱਚ ਦਾਖਲੇ ਲਈ ਯੋਗਤਾਵਾਂ ਅਤੇ ਸ਼ਰਤਾਂ:–

1. ਯੋਗਤਾ ਸਬੰਧੀ ਜ਼ਿੰਮੇਵਾਰੀ ਨਿਰੋਲ ਸਕੂਲ ਮੁੱਖੀ ਦੀ ਹੈ। ਇਸ ਲਈ ਦਾਖਲੇ ਸਬੰਧੀ ਯੋਗਤਾਵਾਂ ਅਤੇ ਸ਼ਰਤਾਂ ਨੂੰ ਮੁੱਖ ਰੱਖ ਕੇ ਹੀ ਵਿਦਿਆਰਥੀਆਂ ਦੇ ਦਾਖਲੇ ਪ੍ਰਵਾਨ ਕੀਤੇ ਜਾਣ। ਇਸ ਮਕਸਦ ਲਈ ਇੱਕ ਦਾਖਲਾ ਪੜਤਾਲ ਕਮੇਟੀ ਬਣਾਈ ਜਾਵੇ, ਜੋ ਪੂਰਵ ਘੋਖ ਕਰਕੇ ਯੋਗਤਾ ਚੈੱਕ ਕਰੇ ਤਾਂ ਜੋ ਕੇਵਲ ਯੋਗ ਵਿਦਿਆਰਥੀ ਹੀ ਦਾਖਲ ਹੋ ਸਕਣ।
2. ਪੰਜਵੀਂ ਸ਼੍ਰੇਣੀ ਵਿੱਚ ਉਹ ਵਿਦਿਆਰਥੀ ਹੀ ਦਾਖ਼ਲ ਕੀਤੇ ਜਾਣ, ਜਿਨ੍ਹਾਂ ਨੇ ਚੌਥੀ ਸ਼੍ਰੇਣੀ ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਰਕਾਰੀ/ਐਫੀਲਿਏਟਡ/ ਏਡਿਡ/ ਐਸੋਸੀਏਟਿਡ ਸਕੂਲ ਤੋਂ ਪਾਸ ਕੀਤਾ ਹੋਵੇ। ਜਦੋਂ ਵੀ ਸਕੂਲ ਵਲੋਂ ਬੋਰਡ ਨਾਲ ਕੋਈ ਪੱਤਰ ਵਿਹਾਰ ਕਰਨਾ ਹੋਵੇ, ਸਕੂਲ ਵਲੋਂ ਭੇਜੇ ਗਏ ਪੱਤਰ ਵਿੱਚ ਸ਼ਨਾਖਤੀ ਨੰਬਰ/ਸਕੂਲ ਕੋਡ ਲਿਖਿਆ ਹੋਣਾ ਚਾਹੀਦਾ ਹੈ।

   ਜਾਂ

   ਪੰਜਵੀਂ ਸ਼੍ਰੇਣੀ ਵਿੱਚ ਦਾਖਲ ਹੋਣ ਲਈ ਵਿਦਿਆਰਥੀ ਦੀ ਮਿਤੀ 31 ਮਾਰਚ ਤੱਕ ਘੱਟੋ ਘੱਟ ਉਮਰ 9 ਸਾਲ ਹੋਣੀ ਚਾਹੀਦੀ ਹੈ। ਇਸ ਸਬੰਧੀ ਯੋਗਤਾ ਚੈੱਕ ਕਰਨ ਦੀ ਨਿਰੋਲ ਜ਼ਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।
3. ਬੋਰਡ ਜਾਂ ਬੋਰਡ ਦੇ ਤੁਲ ਕਿਸੇ ਦੂਜੇ ਬੋਰਡ ਤੋਂ ਪਿਛਲੇ ਦੋ ਸਾਲਾਂ ਤੱਕ ਪੰਜਵੀਂ ਸ਼੍ਰੇਣੀ ਵਿੱਚ ਕੇਵਲ ਰੈਗੂਲਰ ਵਿਦਿਆਰਥੀ ਜਿਨ੍ਹਾਂ ਦਾ ਨਤੀਜਾ ਫੇਲ੍ਹ ਘੋਸ਼ਿਤ ਹੋਇਆ ਹੋਵੇ, ਉਹ ਵਿਦਿਆਰਥੀ ਪੰਜਵੀਂ ਸ਼੍ਰੇਣੀ ਵਿੱਚ ਰੈਗੂਲਰ ਦਾਖ਼ਲੇ ਦੇ ਯੋਗ ਹੋਣਗੇ।
4. ਜੇ ਕੋਈ ਰੈਗੂਲਰ ਉਮੀਦਵਾਰ ਪੰਜਵੀਂ ਸ਼੍ਰੇਣੀ ਦੀ ਰੀਅਪੀਅਰ ਪ੍ਰੀਖਿਆ ਵਿੱਚ ਪਾਸ ਹੁੰਦਾ ਹੈ ਤਾਂ ਉਹ ਛੇਵੀਂ ਸ਼੍ਰੇਣੀ ਵਿੱਚ ਦਾਖਲੇ ਦੇ ਯੋਗ ਹੈ। ਜੇਕਰ ਮੌਜੂਦਾ ਸੈਸ਼ਨ ਵਿੱਚ ਕੋਈ ਉਮੀਦਵਾਰ ਪੰਜਵੀਂ ਸ਼੍ਰੇਣੀ ਦੀ ਰੀਅਪੀਅਰ ਦੀ ਪ੍ਰੀਖਿਆ ਵਿੱਚ ਪਾਸ ਨਹੀਂ ਹੁੰਦਾ ਤਾਂ ਉਹ ਮੌਜੂਦਾ ਸੈਸ਼ਨ ਵਿੱਚ ਮੁੜ ਪੰਜਵੀਂ ਸ਼੍ਰੇਣੀ ਵਿੱਚ ਦਾਖਲੇ ਦੇ ਯੋਗ ਹੈ।
5. ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਪ੍ਰਵਾਨਿਤ ਸੀਟਾਂ ਅਨੁਸਾਰ ਹੀ ਵਿਦਿਆਰਥੀਆਂ ਨੂੰ ਦਾਖ਼ਲਾ ਦਿੱਤਾ ਜਾਵੇ।
6. ਬੋਰਡ ਵਲੋਂ ਜਾਰੀ ਦਾਖ਼ਲਾ ਸ਼ਡਿਊਲ ਵਿੱਚ ਦਰਸਾਈਆਂ ਮਿਤੀਆਂ ਖਤਮ ਹੋਣ ਉਪਰੰਤ ਸਕੂਲ ਮੁੱਖੀ ਵਲੋਂ ਕਿਸੇ ਵੀ ਵਿਦਿਆਰਥੀ ਨੂੰ ਆਪਣੇ ਪੱਧਰ ਤੇ ਦਾਖ਼ਲਾ ਨਾ ਦਿੱਤਾ ਜਾਵੇ। ਸੈਸ਼ਨ ਦੌਰਾਨ ਪੰਜਵੀਂ ਸ਼੍ਰੇਣੀ ਵਿੱਚ ਜੇ ਕੋਈ ਵਿਦਿਆਰਥੀ ਦਾਖ਼ਲਾ ਸ਼ਡਿਊਲ ਵਿੱਚ ਦਰਸਾਈਆਂ ਮਿਤੀਆਂ ਪਿੱਛੋਂ ਸਕੂਲ ਬਦਲਦਾ ਹੈ ਤਾਂ ਉਸ ਲਈ ਇਹ ਜ਼ਰੂਰੀ ਹੋਵੇਗਾ ਕਿ ਉਹ ਇਸ ਸਬੰਧੀ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਸਕੂਲ ਮਾਈਗਰੇਸ਼ਨ ਸਰਟੀਫਿਕੇਟ ਪ੍ਰਾਪਤ ਕਰੇ। ਮਾਈਗਰੇਸ਼ਨ ਠੋਸ ਕਾਰਨਾਂ ਦੇ ਆਧਾਰ ਤੇ ਹੀ ਕੀਤੀ ਜਾਵੇਗੀ
7. **ਹੋਰ ਰਾਜ/ਬੋਰਡ ਤੋਂ ਮਾਈਗਰੇਟ ਹੋ ਕੇ ਆਏ ਵਿਦਿਆਰਾਥੀਆਂ ਦੇ ਦਾਖਲੇ ਸੰਬੰਧੀ ਹੇਠਾਂ ਦਰਸਾਏ ਦਸਤਾਵੇਜ਼ ਪੇਸ਼ ਕਰਨ ਤੇ ਹੀ ਵਿਦਿਆਰਥੀ ਸਬੰਧਤ ਸ਼੍ਰੇਣੀ ਵਿੱਚ ਦਾਖਲ ਹੋ ਸਕਦੇ ਹਨ: –**

   (ੳ) ਜਿਸ ਸ਼੍ਰੇਣੀ ਵਿੱਚ ਦਾਖਲ ਹੋਣਾ ਹੈ, ਉਸ ਤੋਂ ਪਿਛਲੀ ਸ਼੍ਰੇਣੀ ਪਾਸ ਕਰਨ ਦੇ ਸਰਟੀਫਿਕੇਟ/ਨਤੀਜਾ ਕਾਰਡ (ਡੀ.ਐਮ. ਸੀ) ਦੀ ਫੋਟੋ ਕਾਪੀ ਸਬੰਧਤ ਸਕੂਲ ਮੁੱਖੀ ਤੋਂ ਤਸਦੀਕ ਕਰਵਾ ਕੇ ਲਈ ਜਾਵੇ ਅਤੇ ਟਰਾਂਸਫਰ ਸਰਟੀਫਿਕੇਟ ਸਬੰਧਤ ਬੋਰਡ ਦੇ ਸਮਰੱਥ ਅਧਿਕਾਰੀ/ਜਿਲ੍ਹਾ ਸਿੱਖਿਆ ਅਫ਼ਸਰ ਤੋਂ ਪ੍ਰਤੀ ਹਸਤਾਖਰ ਕਰਵਾਇਆ ਜਾਣਾ ਲਾਜ਼ਮੀ ਹੈ।

   ਜਾਂ

   ਪੰਜਵੀਂ ਸ਼੍ਰੇਣੀ ਵਿੱਚ ਦਾਖਲ ਹੋਣ ਲਈ ਵਿਦਿਆਰਥੀ ਦੀ ਮਿਤੀ 31 ਮਾਰਚ ਤੱਕ ਘੱਟੋ ਘੱਟ ਉਮਰ 9 ਸਾਲ ਹੋਣੀ ਚਾਹੀਦੀ ਹੈ। ਇਸ ਸਬੰਧੀ ਯੋਗਤਾ ਚੈੱਕ ਕਰਨ ਦੀ ਨਿਰੋਲ ਜ਼ਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।

(ਅ) ਵਿੱਦਿਅਕ ਸੈਸ਼ਨ ਦੌਰਾਨ ਜਾਂ ਹੇਠਲੀ ਪਰੀਖਿਆ ਪਾਸ ਕਰਨ ਉਪਰੰਤ **ਸਕੂਲ ਛੱਡਣ ਦਾ ਸਰਟੀਫਿਕੇਟ** ਸਬੰਧਤ ਬੋਰਡ ਦੇ ਸਮਰੱਥ ਅਧਿਕਾਰੀ ਜਾਂ ਜਿਲ੍ਹਾ ਸਿੱਖਿਆ ਅਫਸਰ ਦੁਆਰਾ ਪ੍ਰਤੀ ਹਸਤਾਖਰ ਕੀਤਾ ਹੋਣਾ ਚਾਹੀਦਾ ਹੈ।

- ਦਾਖਲਾ ਕੇਵਲ ਉਨ੍ਹਾਂ ਬੋਰਡਾਂ ਦੇ ਵਿਦਿਆਰਥੀਆਂ ਨੂੰ ਦਿੱਤਾ ਜਾਵੇਗਾ ਜਿਨ੍ਹਾਂ ਬੋਰਡਾਂ ਦਾ ਨਾਮ ਬੋਰਡ ਦੀ website www.pseb.ac.in ਤੇ ਉਪਲੱਬਧ MHRD ਦੀ Official Website ਦੇ ਬੋਰਡ ਮੈਬਰਾਂ ਦੀ ਸੂਚੀ ਵਿੱਚ ਦਰਜ਼ ਹੈ।
- MHRD ਦੀ Official Website ਦੇ ਮੈਂਬਰ ਬੋਰਡਜ਼ ਅਧੀਨ ਪਾਸ ਵਿਦਿਆਰਥੀਆਂ ਨੂੰ ਸਮਾਨਤਾ ਪੱਤਰ ਪ੍ਰਾਪਤ ਕਰਨਾ ਲੋੜੀਂਦਾ ਨਹੀਂ ਹੈ।
- NRI ਵਿਦਿਆਰਥੀਆਂ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਮਾਨਤਾ ਪੱਤਰ ਲੈਣਾ ਲਾਜ਼ਮੀ ਹੋਵੇਗਾ।
- ਸਕੂਲ ਮੁਖੀਆਂ ਵੱਲੋਂ NRI ਵਿਦਿਆਰਥੀਆਂ ਨੂੰ ਬਿਨਾਂ ਸਮਾਨਤਾ ਪੱਤਰ ਪੇਸ਼ ਕਰਨ ਤੋਂ ਇਲਾਵਾ ਕੇਵਲ ਲੋੜੀਂਦੇ ਦਸਤਾਵੇਜ਼ (ਬੋਰਡ ਜਮਾਤ ਲਈ ਪਾਸ ਸਰਟੀਫਿਕੇਟ/ ਮਾਈਗਰੇਸ਼ਨ ਸਰਟੀਫਿਕੇਟ ਅਤੇ ਸਕੂਲੀ ਜਮਾਤਾਂ ਲਈ ਡੀ. ਐੱਮ. ਸੀ./ਟਰਾਂਸਫਰ ਸਰਟੀਫਿਕੇਟ ਜੋ ਕਿ ਜਿਲ੍ਹਾ ਸਿੱਖਿਆ ਅਧਿਕਾਰੀ/ਸਬੰਧਤ ਬੋਰਡ ਵਲੋਂ ਕਾਊਂਟਰਸਾਈਨ ਕੀਤਾ ਹੋਵੇ) ਪ੍ਰਾਪਤ ਕਰਨ ਉਪਰੰਤ ਆਰਜ਼ੀ ਦਾਖ਼ਲਾ ਦੇ ਦਿੱਤਾ ਜਾਵੇਗਾ।

ਨੋਟ : **ਸਾਲ/ਸੈਸ਼ਨ** 2019-20 **ਦੀ** ਰਜਿਸਟਰੇਸ਼ਨ/**ਕੰਟੀਨਿਊਏਸ਼ਨ ਦੀ ਆਨ ਲਾਈਨ ਐਂਟਰੀ ਅਗਸਤ ਮਹੀਨੇ ਤੋਂ ਸ਼ੁਰੂ** ਕੀਤੀ **ਜਾ ਸਕਦੀ** ਹੈ। **ਦਾਖਲੇ ਸਬੰਧੀ ਯੋਗਤਾਵਾਂ ਅਤੇ ਸ਼ਰਤਾਂ ਸਬੰਧੀ ਪੱਤਰ ਬੋਰਡ ਦੀ ਵੈੱਬ ਸਾਈਟ** www.pseb.ac.in ਅਤੇ **school login ਤੇ ਉਪਲੱਬਧ ਹਨ।**

'ਮੌਥੀ ਰਾਪੀ'

## ਅਕਾਦਮਿਕ ਸਾਲ 2019-20 ਲਈ ਅੱਠਵੀਂ ਸ਼੍ਰੇਣੀ ਵਿੱਚ ਦਾਖਲੇ ਲਈ ਯੋਗਤਾਵਾਂ ਅਤੇ ਸ਼ਰਤਾਂ:-

1. ਯੋਗਤਾ ਸਬੰਧੀ ਜ਼ਿੰਮੇਵਾਰੀ ਨਿਰੋਲ ਸਕੂਲ ਮੁੱਖੀ ਦੀ ਹੈ। ਇਸ ਲਈ ਦਾਖਲੇ ਸਬੰਧੀ ਯੋਗਤਾਵਾਂ ਅਤੇ ਸ਼ਰਤਾਂ ਨੂੰ ਮੁੱਖ ਰੱਖ ਕੇ ਹੀ ਵਿਦਿਆਰਥੀਆਂ ਦੇ ਦਾਖਲੇ ਪ੍ਰਵਾਨ ਕੀਤੇ ਜਾਣ। ਇਸ ਮਕਸਦ ਲਈ ਇੱਕ ਦਾਖਲਾ ਪੜਤਾਲ ਕਮੇਟੀ ਬਣਾਈ ਜਾਵੇ, ਜੋ ਪੂਰਵ ਘੋਖ ਕਰਕੇ ਯੋਗਤਾ ਚੈੱਕ ਕਰੇ ਤਾਂ ਜੋ ਕੇਵਲ ਯੋਗ ਵਿਦਿਆਰਥੀ ਹੀ ਦਾਖਲ ਹੋ ਸਕਣ।
2. ਅੱਠਵੀਂ ਸ਼੍ਰੇਣੀ ਵਿੱਚ ਉਹ ਵਿਦਿਆਰਥੀ ਹੀ ਦਾਖ਼ਲ ਕੀਤੇ ਜਾਣ, ਜਿਨ੍ਹਾਂ ਨੇ ਸੱਤਵੀਂ ਸ਼੍ਰੇਣੀ ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਰਕਾਰੀ/ਐਫੀਲਿਏਟਡ/ ਏਡਿਡ/ ਐਸੋਸੀਏਟਿਡ ਸਕੂਲ ਤੋਂ ਪਾਸ ਕੀਤਾ ਹੋਵੇ। ਜਦੋਂ ਵੀ ਸਕੂਲ ਵਲੋਂ ਬੋਰਡ ਨਾਲ ਕੋਈ ਪੱਤਰ ਵਿਹਾਰ ਕਰਨਾ ਹੋਵੇ, ਸਕੂਲ ਵਲੋਂ ਭੇਜੇ ਗਏ ਪੱਤਰ ਵਿੱਚ ਸ਼ਨਾਖਤੀ ਨੰਬਰ/ਸਕੂਲ ਕੋਡ ਲਿਖਿਆ ਹੋਣਾ ਚਾਹੀਦਾ ਹੈ।

   **ਜਾਂ**

   ਅੱਠਵੀਂ ਸ਼੍ਰੇਣੀ ਵਿੱਚ ਦਾਖਲ ਹੋਣ ਲਈ ਵਿਦਿਆਰਥੀ ਦੀ ਮਿਤੀ 31 ਮਾਰਚ ਤੱਕ ਘੱਟੋਂ ਘੱਟ ਉਮਰ 12 ਸਾਲ ਹੋਣੀ ਚਾਹੀਦੀ ਹੈ। ਇਸ ਸਬੰਧੀ ਯੋਗਤਾ ਚੈੱਕ ਕਰਨ ਦੀ ਨਿਰੋਲ ਜ਼ਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।
3. ਬੋਰਡ ਜਾਂ ਬੋਰਡ ਦੇ ਤੁਲ ਕਿਸੇ ਦੂਜੇ ਬੋਰਡ ਤੋਂ ਪਿਛਲੇ ਦੋ ਸਾਲਾਂ ਤੱਕ ਅੱਠਵੀਂ ਸ਼੍ਰੇਣੀ ਵਿੱਚ ਕੇਵਲ ਰੈਗੂਲਰ ਵਿਦਿਆਰਥੀ ਜਿਨ੍ਹਾਂ ਦਾ ਨਤੀਜਾ ਫੇਲ੍ਹ ਘੋਸ਼ਿਤ ਹੋਇਆ ਹੋਵੇ, ਉਹ ਵਿਦਿਆਰਥੀ ਅੱਠਵੀਂ ਸ਼੍ਰੇਣੀ ਵਿੱਚ ਰੈਗੂਲਰ ਦਾਖ਼ਲੇ ਦੇ ਯੋਗ ਹੋਣਗੇ।
4. ਜੇ ਕੋਈ ਰੈਗੂਲਰ ਉਮੀਦਵਾਰ ਅੱਠਵੀਂ ਸ਼੍ਰੇਣੀ ਦੀ ਰੀਅਪੀਅਰ ਪ੍ਰੀਖਿਆ ਵਿੱਚ ਪਾਸ ਹੁੰਦਾ ਹੈ ਤਾਂ ਉਹ ਨੌਂਵੀਂ ਸ਼੍ਰੇਣੀ ਵਿੱਚ ਦਾਖਲੇ ਦੇ ਯੋਗ ਹੈ। ਜੇਕਰ ਮੌਜੂਦਾ ਸੈਸ਼ਨ ਵਿੱਚ ਕੋਈ ਉਮੀਦਵਾਰ ਅੱਠਵੀਂ ਸ਼੍ਰੇਣੀ ਦੀ ਰੀਅਪੀਅਰ ਦੀ ਪ੍ਰੀਖਿਆ ਵਿੱਚ ਪਾਸ ਨਹੀਂ ਹੁੰਦਾ ਤਾਂ ਉਹ ਮੌਜੂਦਾ ਸੈਸ਼ਨ ਵਿੱਚ ਮੁੜ ਅੱਠਵੀਂ ਸ਼੍ਰੇਣੀ ਵਿੱਚ ਦਾਖਲੇ ਦੇ ਯੋਗ ਹੈ।
5. ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਪ੍ਰਵਾਨਿਤ ਸੀਟਾਂ ਅਨੁਸਾਰ ਹੀ ਵਿਦਿਆਰਥੀਆਂ ਨੂੰ ਦਾਖ਼ਲਾ ਦਿੱਤਾ ਜਾਵੇ।
6. ਬੋਰਡ ਵਲੋਂ ਜਾਰੀ ਦਾਖ਼ਲਾ ਸ਼ਡਿਊਲ ਵਿੱਚ ਦਰਸਾਈਆਂ ਮਿਤੀਆਂ ਖਤਮ ਹੋਣ ਉਪਰੰਤ ਸਕੂਲ ਮੁੱਖੀ ਵਲੋਂ ਕਿਸੇ ਵੀ ਵਿਦਿਆਰਥੀ ਨੂੰ ਆਪਣੇ ਪੱਧਰ ਤੇ ਦਾਖ਼ਲਾ ਨਾ ਦਿੱਤਾ ਜਾਵੇ। ਸੈਸ਼ਨ ਦੌਰਾਨ ਅੱਠਵੀਂ ਸ਼੍ਰੇਣੀ ਵਿੱਚ ਜੇ ਕੋਈ ਵਿਦਿਆਰਥੀ ਦਾਖ਼ਲਾ ਸ਼ਡਿਊਲ ਵਿੱਚ ਦਰਸਾਈਆਂ ਮਿਤੀਆਂ ਪਿੱਛੋਂ ਸਕੂਲ ਬਦਲਦਾ ਹੈ ਤਾਂ ਉਸ ਲਈ ਇਹ ਜ਼ਰੂਰੀ ਹੋਵੇਗਾ ਕਿ ਉਹ ਇਸ ਸਬੰਧੀ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਸਕੂਲ ਮਾਈਗਰੇਸ਼ਨ ਸਰਟੀਫਿਕੇਟ ਪ੍ਰਾਪਤ ਕਰੇ। ਮਾਈਗਰੇਸ਼ਨ ਠੋਸ ਕਾਰਨਾਂ ਦੇ ਆਧਾਰ ਤੇ ਹੀ ਕੀਤੀ ਜਾਵੇਗੀ
7. **ਹੋਰ ਰਾਜ/ਬੋਰਡ ਤੋਂ ਮਾਈਗਰੇਟ ਹੋ ਕੇ ਆਏ ਵਿਦਿਆਰਥੀਆਂ ਦੇ ਦਾਖਲੇ ਸੰਬੰਧੀ ਹੇਠਾਂ** ਦਰਸਾਏ ਦਸਤਾਵੇਜ਼ ਪੇਸ਼ ਕਰਨ ਤੇ ਹੀ ਵਿਦਿਆਰਥੀ ਸਬੰਧਤ ਸ਼੍ਰੇਣੀ ਵਿੱਚ ਦਾਖਲ ਹੋ ਸਕਦੇ ਹਨ: -

   (ੳ) ਜਿਸ ਸ਼੍ਰੇਣੀ ਵਿੱਚ ਦਾਖਲ ਹੋਣਾ ਹੈ, ਉਸ ਤੋਂ ਪਿਛਲੀ ਸ਼੍ਰੇਣੀ ਪਾਸ ਕਰਨ ਦੇ ਸਰਟੀਫਿਕੇਟ/ਨਤੀਜਾ ਕਾਰਡ (ਡੀ.ਐਮ. ਸੀ) ਦੀ ਫੋਟੋ ਕਾਪੀ ਸਬੰਧਤ ਸਕੂਲ ਮੁੱਖੀ ਤੋਂ ਤਸਦੀਕ ਕਰਵਾ ਕੇ ਲਈ ਜਾਵੇ ਅਤੇ ਟਰਾਂਸਫਰ ਸਰਟੀਫਿਕੇਟ ਸਬੰਧਤ ਬੋਰਡ ਦੇ ਸਮਰੱਥ ਅਧਿਕਾਰੀ/ਜਿਲ੍ਹਾ ਸਿੱਖਿਆ ਅਫ਼ਸਰ ਤੋਂ ਪ੍ਰਤੀ ਹਸਤਾਖਰ ਕਰਵਾਇਆ ਜਾਣਾ ਲਾਜ਼ਮੀ ਹੈ।

   **ਜਾਂ**

   ਅੱਠਵੀਂ ਸ਼੍ਰੇਣੀ ਵਿੱਚ ਦਾਖਲ ਹੋਣ ਲਈ ਵਿਦਿਆਰਥੀ ਦੀ ਮਿਤੀ 31 ਮਾਰਚ ਤੱਕ ਘੱਟੋ ਘੱਟ ਉਮਰ 12 ਸਾਲ ਹੋਣੀ ਚਾਹੀਦੀ ਹੈ। ਇਸ ਸਬੰਧੀ ਯੋਗਤਾ ਚੈੱਕ ਕਰਨ ਦੀ ਨਿਰੋਲ ਜ਼ਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।

(ਅ) ਵਿੱਦਿਅਕ ਸੈਸ਼ਨ ਦੌਰਾਨ ਜਾਂ ਹੇਠਲੀ ਪਰੀਖਿਆ ਪਾਸ ਕਰਨ ਉਪਰੰਤ ਸਕੂਲ ਛੱਡਣ ਦਾ ਸਰਟੀਫਿਕੇਟ ਸਬੰਧਤ ਬੋਰਡ ਦੇ ਸਮਰੱਥ ਅਧਿਕਾਰੀ ਜਾਂ ਜਿਲ੍ਹਾ ਸਿੱਖਿਆ ਅਫਸਰ ਦੁਆਰਾ ਪ੍ਰਤੀ ਹਸਤਾਖਰ ਕੀਤਾ ਹੋਣਾ ਚਾਹੀਦਾ ਹੈ।

- ਦਾਖਲਾ ਕੇਵਲ ਉਨ੍ਹਾਂ ਬੋਰਡਾਂ ਦੇ ਵਿਦਿਆਰਥੀਆਂ ਨੂੰ ਦਿੱਤਾ ਜਾਵੇਗਾ ਜਿਨ੍ਹਾਂ ਬੋਰਡਾਂ ਦਾ ਨਾਮ ਬੋਰਡ ਦੀ website www.pseb.ac.in ਤੇ ਉਪਲੱਬਧ MHRD ਦੀ Official Website ਦੇ ਬੋਰਡ ਮੈਬਰਾਂ ਦੀ ਸੂਚੀ ਵਿੱਚ ਦਰਜ਼ ਹੈ।
- MHRD ਦੀ Official Website ਦੇ ਮੈਂਬਰ ਬੋਰਡਜ਼ ਅਧੀਨ ਪਾਸ ਵਿਦਿਆਰਥੀਆਂ ਨੂੰ ਸਮਾਨਤਾ ਪੱਤਰ ਪ੍ਰਾਪਤ ਕਰਨਾ ਲੋੜੀਂਦਾ ਨਹੀਂ ਹੈ।
  - NRI ਵਿਦਿਆਰਥੀਆਂ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਮਾਨਤਾ ਪੱਤਰ ਲੈਣਾ ਲਾਜ਼ਮੀ ਹੋਵੇਗਾ।
- ਸਕੂਲ ਮੁਖੀਆਂ ਵੱਲੋਂ NRI ਵਿਦਿਆਰਥੀਆਂ ਨੂੰ ਬਿਨਾਂ ਸਮਾਨਤਾ ਪੱਤਰ ਪੇਸ਼ ਕਰਨ ਤੋਂ ਇਲਾਵਾ ਕੇਵਲ ਲੋੜੀਂਦੇ ਦਸਤਾਵੇਜ਼ (ਬੋਰਡ ਜਮਾਤ ਲਈ ਪਾਸ ਸਰਟੀਫਿਕੇਟ/ ਮਾਈਗਰੇਸ਼ਨ ਸਰਟੀਫਿਕੇਟ ਅਤੇ ਸਕੂਲੀ ਜਮਾਤਾਂ ਲਈ ਡੀ. ਐੱਮ. ਸੀ./ਟਰਾਂਸਫਰ ਸਰਟੀਫਿਕੇਟ ਜੋ ਕਿ ਜਿਲ੍ਹਾ ਸਿੱਖਿਆ ਅਧਿਕਾਰੀ/ਸਬੰਧਤ ਬੋਰਡ ਵਲੋਂ ਕਾਉਂਟਰਸਾਈਨ ਕੀਤਾ ਹੋਵੇ) ਪ੍ਰਾਪਤ ਕਰਨ ਉਪਰੰਤ ਆਰਜ਼ੀ ਦਾਖ਼ਲਾ ਦੇ ਦਿੱਤਾ ਜਾਵੇਗਾ।

ਨੋਟ : **ਸਾਲ/ਸੈਸ਼ਨ 2019-20 ਦੀ ਰਜਿਸਟਰੇਸ਼ਨ/ਕੰਟੀਨਿਊਏਸ਼ਨ ਦੀ ਆਨ ਲਾਈਨ ਐਂਟਰੀ ਅਗਸਤ ਮਹੀਨੇ ਤੋਂ ਸ਼ੁਰੂ ਕੀਤੀ ਜਾ ਸਕਦੀ ਹੈ। ਦਾਖਲੇ ਸਬੰਧੀ ਯੋਗਤਾਵਾਂ ਅਤੇ ਸ਼ਰਤਾਂ ਸਬੰਧੀ ਪੱਤਰ ਬੋਰਡ ਦੀ ਵੈੱਬ ਸਾਈਟ www.pseb.ac.in ਅਤੇ school login ਤੇ ਉਪਲੱਬਧ ਹਨ।**

MB